## ਮੂਲ ਬੈਂਕਿੰਗ ਸ਼ਬਦਾਵਲੀ

**ਜਮ੍ਹਾਂ (ਡਿਪਾਜ਼ਿਟ)** ਜਮ੍ਹਾਂ ਦਾ ਅਰਥ ਹੈ ਕਿ ਤੁਹਾਡੇ ਖਾਤੇ ਵਿਚ ਰੁਪਏ (ਨਕਦ/ਚੈੱਕ) ਜਮ੍ਹਾਂ ਕਰਨਾ। ਅਜਿਹਾ ਕਰਨ ਦੇ ਲਈ ਤੁਹਾਨੂੰ ਜਮ੍ਹਾ ਪਰਚੀ ਭਰਨ ਦੇ ਲਈ ਕਿਹਾ ਜਾ ਸਕਦਾ ਹੈ।

**ਰਕਮ ਕੱਢਵਾਉਣ (ਵਿਡ੍ਰਾਲ)** ਰਕਮ ਕੱਢਵਾਉਣ ਦਾ ਅਰਥ ਹੈ: ਤੁਹਾਡੇ ਖਾਤੇ ਤੋਂ ਤੁਹਾਡੇ ਖੁਦ ਦੁਆਰਾ ਜਾਂ ਤੁਹਾਡੇ ਦੁਆਰਾ ਅਧਿਕਾਰਿਤ ਕਿਸੇ ਵਿਅਕਤੀ ਦੁਆਰਾ ਪੈਸਾ ਕੱਢਵਾਉਣਾ। ਨਕਦ ਦੋ ਪ੍ਰਕਾਰ ਨਾਲ ਕੱਢਵਾਇਆ ਜਾ ਸਕਦਾ ਹੈ -- ਵਿਡ੍ਰਾਲ ਪਰਚੀ ਦਾ ਪ੍ਰਯੋਗ ਕਰਕੇ ਜਾਂ ਚੈੱਕ ਲਿਖ ਕੇ।

**ਪਾਸ ਬੁਕ** ਅਜਿਹੀ ਕਿਤਾਬ ਜਿਸ ਵਿਚ ਕਿਸੇ ਬੈਂਕ ਖਾਤੇ ਨਾਲ ਸਬੰਧਤ ਸਾਰੇ ਲੈਣ-ਦੇਣ ਨੂੰ ਲਿਖਿਆ ਜਾਂਦਾ ਹੈ। ਇਸ ਕਿਤਾਬ ਵਿਚ ਲੈਣ-ਦੇਣ ਕੋਡ ਅਤੇ ਗਾਹਕਾਂ ਦੇ ਜ਼ਿੰਮੇਦਾਰੀਆਂ ਦੀ ਜਾਣਕਾਰੀ ਹੋਵੇਗੀ।

**ਬੱਚਤ ਖਾਤਾ (ਸੇਵਿੰਗਜ਼ ਅਕਾਊਂਟ)** ਗੈਰ-ਵਪਾਰਕ ਲੈਣ-ਦੇਣ ਹਿਤ ਵਿਅਕਤੀਆਂ ਅਤੇ ਹੋਰਾਂ ਦੇ ਲਈ ਬੱਚਤ ਬੈਂਕ ਖਾਤਾ ਸਭ ਤੋਂ ਵੱਧ ਆਮਤੌਰ ਤੇ ਪ੍ਰਚਲੱਤ ਖਾਤਾ ਹੈ। ਬੱਚਤ ਖਾਤਾ ਤੁਹਾਨੂੰ ਰੋਜ਼ਾਨਾ ਬੈਂਕਿੰਗ ਲੈਣ-ਦੇਣ ਜਿਵੇਂ ਰੁਪਏ ਜਮ੍ਹਾਂ ਕਰਵਾਉਣਾ, ਰੁਪਏ ਕੱਢਵਾਉਣਾ/ਬਦਲੀ ਕਰਨਾ ਆਦਿ, ਵਿਚ ਮੱਦਦ ਕਰਦਾ ਹੈ ਅਤੇ ਬੱਚਤ ਕੀਤੀ ਗਈ ਰਾਸ਼ੀ ਉਤੇ ਵਿਆਜ ਵੀ ਪ੍ਰਾਪਤ ਹੁੰਦਾ ਹੈ। ਬੈਂਕਾਂ ਦੁਆਰਾ ਜਿਵੇਂ ਮਹੀਨੇਵਾਰ, ਦੇ ਦੌਰਾਨ ਕੀਤੇ ਜਾਣ ਵਾਲੇ ਕੱਢਵਾਉਣ ਦੀ ਕੁੱਲ ਸੰਖਿਆ ਤੇ ਨਿਯੰਤਰਣ ਰੱਖਦਾ ਹੈ।

**ਸੰਯੁਕਤ ਖਾਤਾ (ਜੁਆਇੰਟ ਅਕਾਊਂਟ)** ਇਹ ਖਾਤਾ ਦੋ ਜਾਂ ਦੋ ਤੋਂ ਜ਼ਿਆਦਾ ਵਿਅਕਤੀਆਂ ਦੇ ਨਾਮ ਤੇ ਸੰਯੁਕਤ ਰੂਪ ਨਾਲ ਖੋਲ੍ਹਿਆ ਜਾ ਸਕਦਾ ਹੈ।

**ਖਾਤਾ ਨੰਬਰ (ਅਕਾਊਂਟ ਨੰ.)** ਹਰੇਕ ਖਾਤੇ ਦੇ ਲਈ ਇਕ ਵਿਸ਼ੇਸ਼ ਸੰਖਿਆ ਨਿਰਧਾਰਤ ਕੀਤੀ ਜਾਵੇਗੀ ਜਿਸ ਦਾ ਰਿਕਾਰਡ ਖਾਤਾ ਧਾਰਕ ਨੂੰ ਦਿੱਤੀ ਜਾਣ ਵਾਲੀ ਪਾਸ ਬੁੱਕ ਵਿਚ ਕੀਤਾ ਜਾਵੇਗਾ। ਖਾਤਾ ਧਾਰਕ ਦੁਆਰਾ ਇਸ ਸੰਖਿਆ ਦਾ ਪ੍ਰਯੋਗ ਭੁਗਤਾਨ-ਪਰਚੀ, ਚੈੱਕ ਜਾਂ ਵਿਡ੍ਰਾਲ ਫਾਰਮ ਜਾਂ ਬੈਂਕ ਦੇ ਨਾਲ ਕੀਤੇ ਜਾਣ ਵਾਲੇ ਹਰ ਪ੍ਰਕਾਰ ਦੇ ਪੱਤਰ-ਵਿਹਾਰ ਵਿਚ ਕੀਤਾ ਜਾਵੇਗਾ।

**ਮਿਆਦੀ ਜਮ੍ਹਾਂ (ਫਿਕਸ ਡਿਪਾਜਿਟ)** ਮਿਆਦੀ ਜਮ੍ਹਾਂ ਉਹ ਜਮ੍ਹਾਂ ਹੈ ਜਿਸ ਨੂੰ ਬੈਂਕ ਦੁਆਰਾ ਇਕ ਨਿਸਚਿਤ ਸਮੇਂ ਦੇ ਲਈ ਸਵੀਕਾਰ ਕੀਤਾ ਜਾਂਦਾ ਹੈ। ਭਾਰਤੀ ਰਿਜ਼ਰਵ ਬੈਂਕ ਦੇ ਦਿਸ਼ਾ ਨਿਰਦੇਸ਼ ਅਨੁਸਾਰ ਮਿਆਦੀ ਜਮ੍ਹਾਂ ਸਵੀਕਾਰ ਕੀਤੇ ਜਾਣ ਹਿਤ ਘੱਟ ਤੋਂ ਘੱਟ ਸਮਾਂ 15 ਦਿਨ ਦਾ ਹੋਣਾ ਚਾਹੀਦਾ। ਬੈਂਕ ਆਮ ਤੌਰ ਤੇ 10 ਸਾਲ ਤੋਂ ਜ਼ਿਆਦਾ ਸਮੇਂ ਦੇ ਲਈ ਜਮ੍ਹਾਂ ਸਵੀਕਾਰ ਨਹੀਂ ਕਰਦਾ ਹੈ।

**ਆਵਰਤੀ ਜਮ੍ਹਾਂ (ਰੈਕਰਿੰਗ ਡਿਪਾਜ਼ਿਟ)** ਇਹ ਇਕ ਪ੍ਰਕਾਰ ਦਾ ਜਮ੍ਹਾਂ ਖਾਤਾ ਹੈ ਜਿਸ ਵਿਚ ਨਿਸਚਿਤ ਮਹੀਨਾ ਜਮ੍ਹਾਂ ਦੀ ਆਗਿਆ ਹੁੰਦੀ ਹੈ ਅਤੇ ਇਸ ਨੂੰ ਨਿਰਧਾਰਤ ਸਮੇਂ ਦੀ ਸਮਾਪਤੀ ਤੋਂ ਬਾਅਦ ਹੀ ਕਢਵਾਇਆ ਜਾ ਸਕਦਾ ਹੈ।

**ਨਾਮਜ਼ਦ (ਨੱਮਿਨੀ)** ਜਮ੍ਹਾਂ ਕਰਤਾ ਦੀ ਮੌਤ ਹੋ ਜਾਣ ਦੀ ਸਥਿਤੀ ਵਿਚ ਕਾਨੂੰਨੀ ਵਾਰਸ ਦੇ ਟਰੱਸਟੀ ਦੇ ਰੂਪ ਵਿਚ ਖਾਤੇ ਵਿਚ ਬਚਾਏ ਬਕਾਏ ਦਾ ਭੁਗਤਾਨ ਨਾਮਜ਼ਦ ਨੂੰ ਕੀਤਾ ਜਾਵੇਗਾ। ਜਮ੍ਹਾਂ ਖਾਤਾ ਖੋਲ੍ਹਣ ਸਮੇਂ ਜਮ੍ਹਾਂ ਕਰਤਾ ਨੂੰ ਨਾਮਜ਼ਦਗੀ ਸੁਵਿਧਾ ਦੇ ਲਾਭਾਂ ਤੋਂ ਜਾਣੂ ਕਰਵਾਇਆ ਜਾਵੇਗਾ।

**ਵਿਆਜ (ਇੰਨਟ੍ਰਸਟ)** ਬੈਂਕ ਖਾਤੇ ਵਿਚ ਰੱਖੇ ਗਏ ਬਕਾਏ ਉਤੇ ਬੈਂਕ ਵਿਆਜ ਪ੍ਰਦਾਨ ਕਰਦਾ ਹੈ। ਹਰੇਕ ਕਲੰਡਰ ਮਹੀਨੇ ਦੀ 10ਵੀਂ ਤਾਰੀਖ ਦੇ ਅਖੀਰਲੇ ਦਿਨ ਤੱਕ ਖਾਤੇ ਵਿਚ ਰੱਖੀ ਗਈ ਬਕਾਇਆ ਨਿਊਨਤਮ ਜਮ੍ਹਾਂ ਰਾਸ਼ੀ ਉਤੇ ਵਿਆਜ ਪ੍ਰਦਾਨ ਕੀਤਾ ਜਾਂਦਾ ਹੈ। ਵਿਆਜ ਦਰ ਦਾ ਨਿਰਧਾਰਣ ਭਾ.ਰਿ.ਬੈਂ. ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤਾ ਜਾਂਦਾ ਹੈ ਅਤੇ ਲਾਗੂ ਦਰ ਉਤੇ ਕਰ ਕਟੌਤੀ ਤੋਂ ਬਾਅਦ ਵਿਆਜ ਪ੍ਰਦਾਨ ਕੀਤਾ ਜਾਂਦਾ ਹੈ। ਜਮ੍ਹਾਂ ਉਤੇ ਲਾਗੂ ਵਿਆਜ ਦਰਾਂ ਨੂੰ ਸ਼ਾਖਾ ਭਵਨ ਵਿਚ ਸਪੱਸ਼ਟ ਰੂਪ ਨਾਲ ਦਰਸਾਇਆ ਜਾਵੇਗਾ।

B-cfob yksk -- fJ; yks fjs pjs xN pekfJnk ns pjs xN| fBb eok dh }oos jdh j. fJj ;kv ft ;kb npkdh d fJe nfi j tvl ;wdkfJ d ftneshnk dhnk }oosk dh gosh eodk j i', jo og ftu, ;kv Gfty pus pe yks dhnk }oosk dhnk ;osk B gok B jh eo ;ed jB.


ਵਿਸ਼ੇਸ਼ ਜਾਣਕਾਰੀ ਜਾਂ ਇਸ ਕਿਤਾਬ ਨੂੰ ਮੰਗਵਾਉਣ ਦੇ ਲਈ ਲਿਖੋ ਜਾਂ ਫੋਨ ਕਰੋ :

ਭਾਰਤੀ ਰਿਜ਼ਰਵ ਬੈਂਕ
ਸੂਚਨਾ ਸੈੱਲ
6, ਸੰਸਦ ਮਾਰਗ
ਨਵੀਂ ਦਿੱਲੀ - 110 001
ਫੋਨ : 0010 23731467
ਈ-ਮੇਲ : infocellnewdelhi@rbi.org.in


ਇਸ ਕਾਮਿਕ ਪੁਸਤਕ ਨੂੰ ਡਾਊਨਲੋਡ ਕਰਨ ਲਈ ਕਿਰਪਾ ਕਰਕੇ www.rbi.org.in/commonperson ਦੇਖੋ।


ਭਾਰਤੀ ਰਿਜ਼ਰਵ ਬੈਂਕ ਵਿੱਤੀ ਸਿੱਖਿਆ ਲੜੀ

ਅੰਕ - 1
ਮੁੱਢਲੀ ਬੈਂਕਿੰਗ


# ਰਾਜੂ ਅਤੇ ਪੈਸਿਆਂ ਦਾ ਦਰਖਤ




ਭਾਰਤੀ ਰਿਜ਼ਰਵ ਬੈਂਕ
6, ਸੰਸਦ ਮਾਰਗ
ਨਵੀਂ ਦਿੱਲੀ- 110 001



ਭਾਰਤੀ ਰਿਜ਼ਰਵ ਬੈਂਕ ਦੁਆਰਾ ਪ੍ਰਕਾਸ਼ਿਤ ਇਸ ਕਾਮਿਕ ਵਿਚ ਪੈਸਿਆਂ ਦੇ ਦਰੱਖਤ ਦੇ ਅੱਗੇ ਰਾਜੂ ਦੀ ਯਾਤਰਾ ਵਿਚ ਉਸ ਦੇ ਨਾਲ ਚੱਲੋ। ਰਾਜੂ ਦੇ ਤਜ਼ਰਬਿਆਂ ਦੀ ਕਹਾਣੀ www.rbi.org.in/commonperson ਤੇ ਵੀ ਉਪਲੱਬਧ ਹੈ।



ਭਾਰਤੀ ਰਿਜ਼ਰਵ ਬੈਂਕ ਵਿੱਤੀ ਸਿੱਖਿਆ *ਲੜੀ, ਭਾਰਤੀ ਰਿਜ਼ਰਵ ਬੈਂਕ, ਨਵੀਂ ਦਿੱਲੀ ਦੁਆਰਾ ਜੂਨ 2007 ਵਿਚ ਪਹਿਲਾ ਪ੍ਰਕਾਸ਼ਨ
© ਭਾਰਤੀ ਰਿਜ਼ਰਵ ਬੈਂਕ
ਸਭ ਹੱਕ ਰਾਖਵੇਂ ਹਨ। ਇਸ ਸਮੱਗਰੀ ਦੇ ਪ੍ਰਤਿਰੂਪ ਦੀ ਆਗਿਆ ਹੈ, ਬਸ਼ਰਤੇ ਸਰੋਤ ਦੇ ਪ੍ਰਤੀ ਆਭਾਰ ਪ੍ਰਗਟ ਕੀਤਾ ਜਾਵੇ।


* ਆਮ ਲੋਕਾਂ ਦੀ ਮੂਲ ਜਾਣਕਾਰੀ ਹਿਤ ਭਾਰਤੀ ਰਿਜ਼ਰਵ ਬੈਂਕ ਦੁਆਰਾ ਵਿੱਤੀ ਸਿੱਖਿਆ ਦੇ ਲਈ ਇਹ ਯਤਨ ਕੀਤਾ ਗਿਆ ਹੈ।
ਅਧਿਕ੍ਰਿਤ ਜਾਣਕਾਰੀ ਦੇ ਲਈ ਭਾਰਤੀ ਰਿਜ਼ਰਵ ਬੈਂਕ ਦੀ ਵੈਬ ਸਾਈਟ www.rbi.org.in ਦੇਖੋ।




ਉਹ ਤੁਰੰਤ ਹੀ ਰੁਪਏ ਵਾਲੇ ਦਰੱਖਤ ਦੀ ਖੋਜ ਵਿਚ ਘਰ ਤੋਂ ਨਿਕਲ ਪਿਆ।
ਉਹ ਬਿਨਾਂ ਖਾਧੇ ਪੀਤੇ ਦਿਨ .....
.... ਰਾਤ ਤੁਰਦਾ ਰਿਹਾ।
ਇਕ ਦਿਨ ਉਹ ਇਕ ਦਰੱਖਤ ਦੇ ਹੇਠਾਂ ਅਰਾਮ ਕਰਨ ਲਈ ਲੇਟਿਆ ਅਤੇ ਹਮੇਸ਼ਾਂ ਦੀ ਤਰ੍ਹਾਂ ਜਲਦੀ ਹੀ ਸੌਂ ਗਿਆ।
ਅਚਾਨਕ ਉਸ ਨੂੰ ਇਕ ਬੁੱਢੇ ਆਦਮੀ ਨੇ ਜਗਾਇਆ ਜੋ ਕਿ ਉਸ ਨੂੰ ਘੂਰ ਰਿਹਾ ਸੀ।
ਤੁਸੀਂ ਕੌਣ ਹੋ ?
ਲੋਕ ਮੈਨੂੰ ਗੋਪੀ ਚਾਚਾ ਬੁਲਾਉਂਦੇ ਹਨ। ਪਰ ਤੁਸੀਂ ਕੌਣ ਹੋ ਅਤੇ ਇੰਨੇ ਥੱਕੇ ਹੋਏ ਕਿਉਂ ਲੱਗ ਰਹੇ ਹੋ ?
ਮੈਂ ਰਾਜੂ ਹਾਂ ਅਤੇ ਸਫ਼ਰ ਤੇ ਨਿਕਲਿਆ ਹਾਂ।
ਤੁਸੀਂ ਕਿੱਥੇ ਜਾ ਰਹੇ ਹੋ ?
ਮੈਂ ਇਕ ਅਜਿਹੇ ਦਰੱਖਤ ਦੀ ਖੋਜ ਵਿਚ ਨਿਕਲਿਆ ਹਾਂ ਜਿਸ ਤੇ ਪੈਸੇ ਉੱਗਦੇ ਹਨ।
ਕੀ ? ਕੋਈ ਇੰਨਾ ਬੁੱਧੂ ਕਿਵੇਂ ਹੋ ਸਕਦਾ ਹੈ ?




ਪਰ ਰਾਜੂ ਹੈਰਾਨ ਸੀ। ਉਦੋਂ ਹੀ ਬੁੱਢੇ ਆਦਮੀ ਨੇ ਰਾਜੂ ਦੇ ਲਈ ਕੁਝ ਕਰਨ ਦਾ ਫੈਸਲਾ ਕੀਤਾ।
ਚਿੰਤਾ ਨਾ ਕਰੋ। ਤੁਸੀਂ ਠੀਕ ਜਗ੍ਹਾ ਤੇ ਆਏ ਹੋ। ਮੈਂ ਤੈਨੂੰ ਕੁਝ ਬੀਜ ਦਿੰਦਾ ਹਾਂ।
ਤੁਸੀਂ ਇਨ੍ਹਾਂ ਨੂੰ ਆਪਣੇ ਘਰ ਲੈ ਜਾਓ ਅਤੇ ਆਪਣੇ ਬਗੀਚੇ ਵਿਚ ਬੀਜ ਦਿਓ।
ਕੁਝ ਸਮੇਂ ਬਾਅਦ ਇਨ੍ਹਾਂ ਬੀਜਾਂ ਤੋਂ ਪੌਦੇ ਨਿਕਲਣਗੇ। ਤੈਨੂੰ ਉਨ੍ਹਾਂ ਪੌਦਿਆਂ ਦਾ ਬਹੁਤ ਧਿਆਨ ਰੱਖਣਾ ਪਵੇਗਾ। ਜਲਦੀ ਹੀ ਉਹ ਪੌਦੇ ਦਰੱਖਤ ਬਣ ਜਾਣਗੇ ਅਤੇ ਉਨ੍ਹਾਂ ਉਤੇ ਪੈਸੇ ਲੱਗਣਗੇ।
ਪਰ ਇਸ ਬਾਰੇ ਵਿਚ ਕਿਸੀ ਨੂੰ ਨਾ ਕਹਿਣਾ ਨਹੀਂ ਤਾਂ ਇਨ੍ਹਾਂ ਬੀਜਾਂ ਦੀ ਸਾਰੀ ਸ਼ਕਤੀ ਖਤਮ ਹੋ ਜਾਵੇਗੀ।
ਰਾਜੂ ਨੇ ਸੋਚਿਆ ਇਹ ਬੁੱਢਾ ਆਦਮੀ ਜ਼ਰੂਰ ਕੋਈ ਫਰਿਸ਼ਤਾ ਹੈ ਜਿਸ ਨੇ ਮੈਨੂੰ ਉਹ ਦਰੱਖਤ ਲੱਭਣ ਵਿਚ ਸਹਾਇਤਾ ਕੀਤੀ ਜਿਸ ਤੇ ਪੈਸੇ ਉੱਗਦੇ ਹਨ।
ਤੁਸੀਂ ਸਾਡੇ ਘਰ ਜ਼ਰੂਰ ਆਉਣਾ। ਮੇਰੀ ਮਾਂ ਤੁਹਾਡੇ ਵਰਗੇ ਫਰਿਸ਼ਤੇ ਨੂੰ ਮਿਲ ਕੇ ਬਹੁਤ ਖੁਸ਼ ਹੋਵੇਗੀ।
ਚਿੰਤਾ ਨਾ ਕਰੋ। ਇਕ ਸਾਲ ਬਾਅਦ ਜਦੋਂ ਤੁਹਾਡੇ ਦਰੱਖਤ ਵੱਡੇ ਹੋ ਜਾਣਗੇ ਉਦੋਂ ਮੈਂ ਤੁਹਾਡੇ ਪਿੰਡ ਆਵਾਂਗਾ।
ਰਾਜੂ ਨੇ ਬੁੱਢੇ ਆਦਮੀ ਨੂੰ ਉਸ ਦੀ ਸਹਾਇਤਾ ਲਈ ਧੰਨਵਾਦ ਕੀਤਾ ਅਤੇ ਆਪਣੇ ਪਿੰਡ ਵੱਲ ਚੱਲ ਪਿਆ।


ਰਾਜੂ ਦੀ ਮਾਂ ਪੁੱਤਰ ਨੂੰ ਘਰ ਮੁੜਿਆ ਵੇਖ ਕੇ ਬਹੁਤ ਖੁਸ਼ ਹੋਈ।
ਇਸ ਤੋਂ ਬਾਅਦ ਉਸਨੇ ਬੀਜ ਬੀਜ ਦਿੱਤੇ।
ਛੇਤੀ ਹੀ ਉਨ੍ਹਾਂ ਬੀਜਾਂ ਵਿਚੋਂ ਪੌਦੇ ਨਿਕਲਣ ਲੱਗੇ। ਉਹ ਉਨ੍ਹਾਂ ਨੂੰ ਰੋਜ਼ ਪਾਣੀ ਦਿੰਦਾ ਅਤੇ ਦਿਨ ਰਾਤ ਪਹਿਰਾ ਦਿੰਦਾ।
ਪਰ ਰਾਜੂ ਹੁਣ ਬਦਲ ਚੁੱਕਾ ਸੀ। ਉਹ ਸਿੱਧਾ ਆਪਣੇ ਬਗੀਚੇ ਵਿਚ ਗਿਆ ਅਤੇ ਉਸਨੇ ਸਾਰੇ ਜੰਗਲੀ ਪੌਦੇ ਅਤੇ ਝਾੜੀਆਂ ਨੂੰ ਪੁੱਟ ਸੁੱਟਿਆ ਜੋ ਕਈ ਸਾਲਾਂ ਦੀ ਅਣਗਹਿਲੀ ਕਾਰਣ ਉੱਗੇ ਹੋਏ ਸਨ।
ਇਕ ਸਾਲ ਬੀਤ ਗਿਆ ਅਤੇ ਪੌਦੇ ਦਰੱਖਤ ਬਣ ਗਏ। ਪਰ ਰੁਪਈਆਂ ਦਾ ਨਾਮੋ ਨਿਸ਼ਾਨ ਨਹੀਂ ਸੀ!
ਉਹ ਬੁੱਢਾ ਆਦਮੀ ਮੈਨੂੰ ਧੋਖਾ ਕਿਵੇਂ ਦੇ ਸਕਦਾ ਹੈ? ਇਵੇਂ ਲੱਗਦਾ ਹੈ ਕਿ ਮੇਰੀ ਸਾਰੀ ਮਿਹਨਤ ਬੇਕਾਰ ਹੋ ਗਈ। ਇਨ੍ਹਾਂ ਦਰੱਖਤਾਂ ਤੇ ਤਾਂ ਸਿਰਫ ਪੱਤੇ ਹਨ। ਪਰ ਪੈਸੇ ਕਿੱਥੇ ਹਨ?




ਛੇਤੀ ਹੀ ਮੌਸਮ ਬਦਲਿਆ। ਦਰੱਖਤਾਂ ਤੇ ਫੁੱਲ ਆਏ। ਰਾਜੂ ਨੇ ਅਜਿਹੇ ਫੁੱਲ ਪਹਿਲਾਂ ਕਦੀ ਨਹੀਂ ਦੇਖੇ ਸਨ। ਉਨ੍ਹਾਂ ਦੀ ਖੁਸ਼ਬੂ ਦੂਰ-ਦੂਰ ਤੱਕ ਫੈਲਣ ਲੱਗੀ।
ਸਾਰੇ ਪਿੰਡ ਵਿਚ ਰਾਜੂ ਦੇ ਫੁੱਲਾਂ ਦੀ ਚਰਚਾ ਸੀ।
ਪਿੰਡ ਦਾ ਇਕ ਵਪਾਰੀ ਰਾਜੂ ਦੇ ਫੁੱਲਾਂ ਨੂੰ ਸ਼ਹਿਰ ਵਿਚ ਵੇਚਣਾ ਚਾਹੁੰਦਾ ਸੀ। ਉਸਨੇ ਕੁਝ ਫੁੱਲ ਖਰੀਦੇ ਅਤੇ ਰਾਜੂ ਨੂੰ ਬਹੁਤ ਚੰਗੀ ਕੀਮਤ ਦਿੱਤੀ।
500
ਬਚੇ ਹੋਏ ਫੁੱਲ ਫਲ ਬਣ ਗਏ। ਵਪਾਰੀ ਨੇ ਫਲਾਂ ਨੂੰ ਵੀ ਚੰਗੀ ਕੀਮਤ ਦੇ ਕੇ ਖਰੀਦ ਲਿਆ।


ਰਾਜੂ ਅਚਾਨਕ ਅਮੀਰ ਬਣ ਗਿਆ। ਉਦੋਂ ਉਸ ਨੂੰ ਉਸ ਬੁੱਢੇ ਆਦਮੀ ਦੀ ਯਾਦ ਆਈ।
ਇਸੇ ਲਈ ਉਹ ਬੁੱਢਾ ਆਦਮੀ ਸੱਚ ਬੋਲ ਰਿਹਾ ਸੀ। ਪੈਸੇ ਅਸਲ ਵਿਚ ਹੀ ਦਰੱਖਤ ਤੇ ਫਲਦੇ ਹਨ!
ਪਰ ਹੁਣ ਮੈਂ ਇਨ੍ਹਾਂ ਪੈਸਿਆਂ ਨਾਲ ਕੀ ਕਰਾਂ?
ਉਸਨੇ ਆਪਣੇ ਪੁਰਾਣੇ ਘਰ ਦੀ ਮੁਰੰਮਤ ਕਰਵਾਈ ਅਤੇ ਆਪਣੇ ਤੇ ਆਪਣੀ ਮਾਂ ਦੇ ਲਈ ਨਵੇਂ ਕੱਪੜੇ ਖਰੀਦੇ।
ਪਰ ਹੁਣ ਵੀ ਬਹੁਤ ਸਾਰਾ ਪੈਸਾ ਬਚ ਗਿਆ ਸੀ। ਰਾਜੂ ਨੇ ਉਸ ਨੂੰ ਭਵਿੱਖ ਦੇ ਲਈ ਸੰਭਾਲ ਕੇ ਰੱਖਣ ਦਾ ਫੈਸਲਾ ਕੀਤਾ। ਉਸ ਨੇ ਉਹ ਪੈਸੇ ਇਕ ਸੰਦੂਕ ਵਿਚ ਬੰਦ ਕਰਕੇ ਘਰ ਵਿਚ ਰੱਖ ਦਿੱਤੇ।
ਪਰ ਜਲਦੀ ਹੀ ਇਕ ਦੁਰਘਟਨਾ ਹੋ ਗਈ। ਉਸਦੇ ਸਾਰੇ ਪੈਸੇ ਚੂਹਿਆਂ ਨੇ ਖਾ ਲਏ।




ਸਭ ਕੁਝ ਤਬਾਹ ਹੋ ਗਿਆ। ਰਾਜੂ ਸਦਮੇ ਵਿਚ ਸੀ। ਰਾਜੂ ਨੂੰ ਸਦਮੇ ਵਿਚ ਅਤੇ ਉਦਾਸ ਦੇਖ ਕੇ ਉਸਦੀ ਮਾਂ ਨੇ ਉਸ ਨੂੰ ਹੌਂਸਲਾ ਦੇਣ ਅਤੇ ਸਦਮੇ ਵਿਚੋਂ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ।
ਉਸਨੇ ਸੁਝਾਅ ਦਿੱਤਾ ਕਿ ਰਾਜੂ ਉਸ ਬੁੱਢੇ ਆਦਮੀ ਨੂੰ ਮਿਲਣ ਦੀ ਕੋਸ਼ਿਸ਼ ਕਰੇ। ਸ਼ਾਇਦ ਉਹ ਰਾਜੂ ਦੀ ਕੋਈ ਮੱਦਦ ਕਰੇ।
ਸੰਜੋਗ ਨਾਲ ਅਗਲੇ ਦਿਨ ਉਹ ਬੁੱਢਾ ਆਦਮੀ ਰਾਜੂ ਦੇ ਘਰ ਆਇਆ।
ਰਾਜੂ ਨੇ ਉਸ ਨੂੰ ਸਾਰੀ ਕਹਾਣੀ ਦੱਸੀ .... ਕਿਵੇਂ ਪੌਦੇ ਦਰੱਖਤ ਬਣੇ ....ਕਿਵੇਂ ਦਰੱਖਤਾਂ ਤੇ ਫੁੱਲ ਆਏ ਅਤੇ ਕਿਵੇਂ ਉਨ੍ਹਾਂ ਨੂੰ ਵੇਚ ਕੇ ਉਸਨੇ ਪੈਸੇ ਕਮਾਏ। ਕਿਵੇਂ ਉਸਨੇ ਪੈਸੇ ਭਵਿੱਖ ਦੇ ਲਈ ਬਚਾ ਕੇ ਇਕ ਸੰਦੂਕ ਵਿਚ ਰੱਖੇ, ਕਿਵੇਂ ਸਭ ਕੁਝ ਚੂਹਿਆਂ ਨੇ ਖਾ ਲਿਆ।
ਬੁੱਢਾ ਆਦਮੀ ਅਚਾਨਕ ਹੱਸਣ ਲੱਗਾ। ਰਾਜੂ ਹੈਰਾਨ ਸੀ।
ਤਾਂ ਚੂਹੇ ਤੁਹਾਡੀ ਸਾਰੀ ਮਿਹਨਤ ਦੀ ਕਮਾਈ ਖਾ ਗਏ?
ਹਾਂ। ਮੇਰੀ ਗਲਤੀ ਸੀ ਕਿ ਮੈਂ ਸੰਦੂਕ ਵਿਚ ਪੈਸੇ ਰੱਖਣ ਤੋਂ ਪਹਿਲਾਂ ਚੂਹਿਆਂ ਨੂੰ ਨਹੀਂ ਮਾਰਿਆ। ਜੇ ਮੈਂ ਇਵੇਂ ਕੀਤਾ ਹੁੰਦਾ ਤਾਂ ਮੈਂ ਆਪਣਾ ਪੈਸਾ ਨਾ ਗਵਾਉਂਦਾ।
ਨਹੀਂ। ਤੁਸੀਂ ਤਾਂ ਵੀ ਆਪਣਾ ਪੈਸਾ ਗਵਾ ਸਕਦੇ ਸੀ। ਤੁਸੀਂ ਚੂਹਿਆਂ ਨੂੰ ਮਾਰ ਸਕਦੇ ਹੋ ਪਰ ਕੋਈ ਚੋਰ ਤੁਹਾਡੇ ਪੈਸੇ ਚੋਰੀ ਕਰ ਲਵੇ ਤਾਂ?
ਘਰ ਵਿਚ ਸਾਰੇ ਪੈਸੇ ਰੱਖਣ ਵਿਚ ਹਮੇਸ਼ਾਂ ਖਤਰਾ ਰਹਿੰਦਾ ਹੈ।


ਪਰ ਮੈਂ ਹੋਰ ਕੀ ਕਰ ਸਕਦਾ ਸੀ ? ਮੇਰੇ ਸਾਰੇ ਪੈਸਿਆਂ ਨੂੰ ਰੱਖਣ ਦੀ ਹੋਰ ਕੋਈ ਸੁਰੱਖਿਅਤ ਜਗ੍ਹਾ ਵੀ ਤਾਂ ਨਹੀਂ ਹੈ ।
ਬਹੁਤ ਅਸਾਨ ਹੈ । ਤੁਸੀਂ ਆਪਣੀ ਬੱਚਤ ਇਕ ਬੈਂਕ ਵਿਚ ਰੱਖੋ ।
ਬੈਂਕ ? ਇਹ ਬੈਂਕ ਕੀ ਹੁੰਦਾ ਹੈ ?
ਬੈਂਕ ਉਹ ਜਗ੍ਹਾ ਹੈ ਜਿੱਥੇ ਤੁਸੀਂ ਆਪਣਾ ਪੈਸਾ ਸੁਰੱਖਿਅਤ ਰੂਪ ਨਾਲ ਜਮ੍ਹਾ ਕਰਾ ਸਕਦੇ ਹੋ । ਇਹ ਤੁਹਾਡੇ ਗੋਲਕ ਦੀ ਤਰ੍ਹਾਂ ਹੈ ਜਿਸ ਵਿਚ ਤੁਸੀਂ ਪੈਸਾ ਰੱਖਦੇ ਹੋ ।
बैंक
ਬੈਂਕ ਵਿਚ ਤੁਹਾਡੇ ਪੈਸਿਆਂ ਦੇ ਨਾਲ-ਨਾਲ ਹੋਰ ਵੀ ਬਹੁਤ ਸਾਰੇ ਲੋਕਾਂ ਦਾ ਪੈਸਾ ਜਮ੍ਹਾ ਰਹਿੰਦਾ ਹੈ ।
ਹਰ ਆਦਮੀ ਨੂੰ ਇਕ ਕਿਤਾਬ ਦਿੱਤੀ ਜਾਂਦੀ ਹੈ ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਬੈਂਕ ਦੇ ਕੋਲ ਉਸਦਾ ਕਿੰਨਾਂ ਪੈਸਾ ਜਮ੍ਹਾ ਹੈ ।
ਮਿਤੀ ਵੇਰਵਾ ਚੈਕ ਨੰ. ਕਢਵਾਈ ਰਕਮ ਜਮ੍ਹਾ ਰਕਮ ਬਕਾਇਆ
1000 1000 2000 1000 1000 1000




ਸਾਡੇ ਦੇਸ਼ ਵਿਚ ਬਹੁਤ ਸਾਰੇ ਬੈਂਕ ਹਨ । ਅਜਿਹਾ ਇਕ ਬੈਂਕ ਤੁਹਾਡੇ ਨੇੜੇ ਵਾਲੇ ਪਿੰਡ ਵਿਚ ਵੀ ਹੈ । ਤੁਸੀਂ ਇਸ ਬਾਰੇ ਪਤਾ ਕਿਉਂ ਨਹੀਂ ਕਰਦੇ ? ਉਹ ਸਕੂਲ ਦੇ ਕੋਲ ਹੈ ।
ਓ ! ਉਹ ਪੀਲੇ ਰੰਗ ਦੀ ਇਮਾਰਤ ? ਕੀ ਉਹ ਇਕ ਬੈਂਕ ਹੈ ? ਮੈਂ ਉਸ ਨੂੰ ਬਹੁਤ ਵਾਰ ਬਾਹਰ ਤੋਂ ਦੇਖਿਆ ਹੈ । ਪਰ ਮੈਂ ਹਮੇਸ਼ਾਂ ਸੋਚਦਾ ਹਾਂ ਕਿ ਉਥੇ ਕੀ ਹੁੰਦਾ ਹੈ ?
ਇਸ ਵਿਚ ਹੈਰਾਨੀ ਦੀ ਕੋਈ ਗੱਲ ਨਹੀਂ ਹੈ । ਬੈਂਕ ਵਿਚ ਤੁਹਾਡੇ ਅਤੇ ਮੇਰੇ ਵਰਗੇ ਲੋਕ ਕਾਊਂਟਰ ਦੇ ਸਾਹਮਣੇ ਬੈਠ ਕੇ ਕੰਮ ਕਰਦੇ ਹਨ । ਤੁਸੀਂ ਉਥੇ ਜਾ ਕੇ ਉਨ੍ਹਾਂ ਨੂੰ ਪੁੱਛ ਸਕਦੇ ਹੋ ਕਿ ਆਪਣੇ ਪੈਸਿਆਂ ਨੂੰ ਸੁਰੱਖਿਅਤ ਰੱਖਣ ਦੇ ਲਈ ਕਿਵੇਂ ਜਮ੍ਹਾ ਕਰਵਾਇਆ ਜਾਵੇ ।
जमा
आहरण
ਉਹ ਤੁਹਾਨੂੰ ਬੈਂਕ ਵਿਚ ਖਾਤਾ ਖੋਲ੍ਹਣ ਦੇ ਵਿਸ਼ੇ ਵਿਚ ਸਭ ਕੁਝ ਦੱਸਣਗੇ । ਬੈਂਕ ਵਿਚ ਇਕ ਰਜਿਸਟਰ ਹੁੰਦਾ ਹੈ ਜਿਸ ਨੂੰ ਖਾਤਾ ਕਹਿੰਦੇ ਹਨ । ਉਸ ਰਜਿਸਟਰ ਵਿਚ ਪੈਸਾ ਜਮ੍ਹਾ ਕਰਨ ਵਾਲੇ ਦੇ ਨਾਮ ਦੀ ਇਕ ਐਂਟਰੀ ਹੁੰਦੀ ਹੈ ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਤੁਸੀਂ ਉਨ੍ਹਾਂ ਕੋਲ ਕਿੰਨੇ ਪੈਸੇ ਰੱਖੇ ਹਨ ।
ਉਹ ਤੁਹਾਨੂੰ ਖਾਤਾ ਖੋਲ੍ਹਣ ਦੇ ਫਾਰਮ ਦੇਣਗੇ । ਜੇ ਤੁਹਾਨੂੰ ਪੜ੍ਹਨਾ-ਲਿਖਣਾ ਨਹੀਂ ਆਉਂਦਾ ਹੈ ਤਾਂ ਉਹ ਫਾਰਮ ਨੂੰ ਭਰਨ ਵਿਚ ਵੀ ਤੁਹਾਡੀ ਸਹਾਇਤਾ ਕਰਨਗੇ ।
ਬੈਂਕ ਵਿਚ ਖਾਤਾ ਖੋਲ੍ਹਣ ਤੋਂ ਬਾਅਦ ਤੁਸੀਂ ਆਪਣਾ ਪੈਸਾ ਉਥੇ ਜਮ੍ਹਾ ਕਰਵਾ ਕਰਵਾ ਸਕਦੇ ਹੋ ।
जमा/आहरण


ਇਹ ਸਾਰੀ ਜਾਣਕਾਰੀ ਇਕ ਪਾਸ ਬੁੱਕ ਨਾਮ ਦੀ ਕਿਤਾਬ ਵਿਚ ਦਰਜ ਕੀਤੀ ਜਾਵੇਗੀ ਜੋ ਕਿ ਬੈਂਕ ਤੁਹਾਨੂੰ ਦੇਵੇਗਾ। ਇਸ ਵਿਚ ਕੋਈ ਵੀ ਪਰੇਸ਼ਾਨੀ ਦੀ ਗੱਲ ਨਹੀਂ ਹੈ।
ਪਾਸ ਬੁਕ
ਬੈਂਕ
ਐਸ
ਸੁਨੀਤਾ
ਖਾਤਾ ਨੰ. 2004




ਇਸ ਲਈ ਪੈਸੇ ਰਾਤ ਭਰ ਵਿਚ ਗਾਇਬ ਨਹੀਂ ਹੋ ਸਕਦੇ। ਸਗੋਂ ਬੈਂਕ ਵਿਚ ਆਪਣੇ ਪੈਸੇ ਰੱਖਣ ਦੇ ਬਹੁਤ ਲਾਭ ਹਨ।
ਬੈਂਕ ਵਿਚ ਤੁਹਾਡਾ ਪੈਸਾ ਐਵੇਂ ਹੀ ਨਹੀਂ ਪਿਆ ਰਹਿੰਦਾ। ਤੁਹਾਨੂੰ ਉਸ ਉਤੇ ਵਿਆਜ ਮਿਲਦਾ ਹੈ। ਇਸ ਪ੍ਰਕਾਰ ਤੁਹਾਡਾ ਪੈਸਾ ਵੱਧਦਾ ਰਹਿੰਦਾ ਹੈ। ਕੁਝ ਸਮੇਂ ਬਾਅਦ ਤੁਹਾਡੇ ਖਾਤੇ ਵਿਚ ਹੋਰ ਵੀ ਜ਼ਿਆਦਾ ਪੈਸੇ ਹੋਣਗੇ।
ਬੈਂਕ ਇਹ ਸਭ ਕਿਸ ਤਰ੍ਹਾਂ ਕਰਦੇ ਹਨ ? ਕੀ ਉਨ੍ਹਾਂ ਨੂੰ ਕੋਈ ਅਜਿਹਾ ਦਰੱਖਤ ਮਿਲ ਗਿਆ ਹੈ ਜਿਸ ਤੇ ਸੱਚ ਵਿਚ ਪੈਸੇ ਉੱਗਦੇ ਹਨ ?



ਇਹ ਬਹੁਤ ਅਸਾਨ ਹੈ। ਜੋ ਪੈਸਾ ਅਸੀਂ ਜਮ੍ਹਾ ਕਰਵਾਉਂਦੇ ਹਾਂ ਬੈਂਕ ਉਸਨੂੰ ਅਜਿਹੇ ਵਿਅਕਤੀ ਨੂੰ ਕਰਜੇ ਦੇ ਰੂਪ ਵਿਚ ਦਿੰਦਾ ਹੈ ਜਿਸ ਨੂੰ ਕੁਝ ਖਰੀਦਣ ਦੇ ਲਈ ਜਾਂ ਵਪਾਰ ਕਰਨ ਦੇ ਲਈ ਪੈਸਿਆਂ ਦੀ ਜ਼ਰੂਰਤ ਹੈ। ਬੈਂਕ ਦਿੱਤੇ ਹੋਏ ਕਰਜੇ ਤੇ ਵਿਆਜ ਲੈਂਦਾ ਹੈ।
ਬੈਂਕ ਵਿਆਜ ਦਾ ਕੁਝ ਪੈਸਾ ਆਪਣੇ ਕੋਲ ਰੱਖਦਾ ਹੈ ਅਤੇ ਕੁਝ ਤੁਹਾਨੂੰ ਦੇ ਦਿੰਦਾ ਹੈ। ਇਸ ਤਰ੍ਹਾਂ ਨਾਲ ਬੈਂਕ ਵਿਚ ਰੱਖੇ ਤੁਹਾਡੇ ਪੈਸੇ ਤੇ ਕਮਾਈ ਹੁੰਦੀ ਹੈ।
ਇਹ ਤਾਂ ਬਹੁਤ ਚੰਗਾ ਹੈ। ਇਸ ਨਾਲ ਮੇਰਾ ਪੈਸਾ ਬੈਂਕ ਵਿਚ ਸੁਰੱਖਿਅਤ ਵੀ ਰਹੇਗਾ ਅਤੇ ਉਸ ਉਤੇ ਮੈਂ ਵਿਆਜ ਵੀ ਕਮਾ ਸਕਦਾ ਹਾਂ। ਹੁਣ ਮੈਨੂੰ ਇਕ ਹੋਰ ਗੱਲ ਦੱਸੋ। ਹੁਣੇ ਹੀ ਮੈਂ ਸੁਣਿਆ ਹੈ ਕਿ ਮੇਰੇ ਦੋਸਤ ਸ਼ਾਮੂ ਨੇ ਟਰੈਕਟਰ ਖਰੀਦਣ ਦੇ ਲਈ ਕਰਜਾ ਲਿਆ ਹੈ।
ਕੀ ਮੈਂ ਵੀ ਅਜਿਹਾ ਕਰ ਸਕਦਾ ਹਾਂ ?






ਹਾਂ ਤੁਸੀਂ ਜ਼ਰੂਰ ਅਜਿਹਾ ਕਰ ਸਕਦੇ ਹੋ।
ਬੈਂਕ ਤੋਂ ਕਰਜ਼ਾ ਲਉ ਅਤੇ ਉਸ ਪੈਸੇ ਨਾਲ ਬੀਜ ਅਤੇ ਖਾਦ ਖਰੀਦੋ। ਆਪਣੇ ਬਗੀਚੇ ਵਿਚ ਫਲ ਅਤੇ ਸਬਜੀਆਂ ਲਗਾਓ। ਤੁਸੀਂ ਉਨ੍ਹਾਂ ਨੂੰ ਬਜਾਰ ਵਿਚ ਵੇਚ ਕੇ ਹੋਰ ਪੈਸਾ ਕਮਾ ਸਕਦੇ ਹੋ।
ਉਨ੍ਹਾਂ ਪੈਸਿਆਂ ਨਾਲ ਤੁਸੀਂ ਆਪਣਾ ਕਰਜ਼ਾ ਚੁਕਾ ਸਕਦੇ ਹੋ।
ਅਤੇ ਬਚਿਆ ਹੋਇਆ ਪੈਸਾ ਆਪਣੇ ਬੈਂਕ ਖਾਤੇ ਵਿਚ ਸੁਰੱਖਿਅਤ ਰੱਖ ਸਕਦੇ ਹੋ।


ਮੇਰੇ ਦਿਮਾਗ ਵਿਚ ਇਕ ਹੋਰ ਪ੍ਰਸ਼ਨ ਆਇਆ ਹੈ। ਮੇਰੇ ਨਾਲ ਮੇਰੀ ਮਾਂ ਵੀ ਰਹਿੰਦੀ ਹੈ। ਮੈਂ ਉਨ੍ਹਾਂ ਲਈ ਵੀ ਕੁਝ ਪੈਸੇ ਰੱਖਣਾ ਚਾਹੁੰਦਾ ਹਾਂ। ਕੀ ਉਹ ਵੀ ਬੈਂਕ ਵਿਚ ਖਾਤਾ ਖੋਲ੍ਹ ਸਕਦੀ ਹੈ ?
ਹਾਂ। ਕਿਉਂ ਨਹੀਂ ? ਉਨ੍ਹਾਂ ਦੇ ਨਾਮ ਉਤੇ ਇਕ ਅਲੱਗ ਖਾਤਾ ਖੋਲ੍ਹਿਆ ਜਾ ਸਕਦਾ ਹੈ ਜਿਸ ਵਿਚ ਉਹ ਆਪਣਾ ਪੈਸਾ ਜਮ੍ਹਾ ਕਰ ਸਕਦੀ ਹੈ। ਜਾਂ ਫਿਰ ਤੁਸੀਂ ਆਪਣੇ ਖਾਤੇ ਵਿਚੋਂ ਵੀ ਉਨ੍ਹਾਂ ਦੇ ਖਾਤੇ ਵਿਚ ਪੈਸਾ ਭੇਜ ਸਕਦੇ ਹੋ ਜਾਂ ਜਮ੍ਹਾ ਕਰਵਾ ਸਕਦੇ ਹੋ।
ਤੁਸੀਂ ਆਪਣੇ ਖਾਤੇ ਵਿਚ ਉਨ੍ਹਾਂ ਦਾ ਨਾਮ ਪਾ ਕੇ ਸੰਯੁਕਤ (ਜੁਆਂਇਟ) ਖਾਤਾ ਵੀ ਖੋਲ੍ਹ ਸਕਦੇ ਹੋ।




ਪਰ ਤੂੰ ਇਹ ਯਾਦ ਰੱਖੀਂ .....
... ਕਿ ਚਾਹੇ ਉਹ ਤੁਹਾਡਾ ਜਾਂ ਤੁਹਾਡੀ ਮਾਂ ਦਾ ਅਲੱਗ ਜਾਂ ਜੁਆਂਇਟ ਖਾਤਾ ਹੋਵੇ ...
... ਤੁਸੀਂ ਇਕ ਅਜਿਹਾ ਵਿਅਕਤੀ ਚੁਣਨਾ ਹੋਵੇਗਾ ਜਿਸਦੇ ਕੋਲ ਤੁਸੀਂ ਤੁਹਾਡੇ ਦੋਨਾਂ ਵਿਚੋਂ ਕਿਸੇ ਦੇ ਨਾਲ ਵੀ ਦੁਰਘਟਨਾ ਹੋਣ ਦੀ ਸਥਿਤੀ ਵਿਚ ਤੁਸੀਂ ਸਾਰੇ ਪੈਸੇ ਛੱਡਣਾ ਚਾਹੋਗੇ।
ਉਹ ਵਿਅਕਤੀ “ਨਾਮਿਨੀ” ਹੋਵੇਗਾ।







ਕਥਾ - ਮਨੋਜ ਅਤੇ ਸ਼ੈਲਜਾ
ਚਿੱਤਰ- ਅਨੁਪਮ ਸ਼ਰਮਾ